ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ

ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ-8, ਐਸ.ਏ.ਐਸ. ਨਗਰ

(ਸਪੋਰਟਸ ਸਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ ਸਿ)

ਪੰਜਾਬ।

ਈ ਫਾਈਲ ਨੰਬਰ-ਈ-692819/ਸਪੋਰਟਸ/ 2026102617

ਮਿਤੀ- 16-04-2026

ਵਿਸ਼ਾ: ਸਰਕਾਰੀ ਸਕੂਲਾਂ ਵਿੱਚ ਡੇ-ਸਕਾਲਰ ਵਿੰਗ ਖੋਲ੍ਹਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਖੇਡ ਸੰਚਾਲਨ ਨੀਤੀ 2023 ਅਨੁਸਾਰ ਸਰਕਾਰੀ ਸਕੂਲਾਂ ਵਿੱਚ ਡੇ-ਸਕਾਲਰ ਵਿੰਗਖੋਲ੍ਹੇ ਜਾਣੇ ਹਨ। ਡੇ ਸਕਾਲਰ ਵਿੰਗ ਦੇ ਖਿਡਾਰੀਆਂ ਨੂੰ ਸਪੋਰਟਸ ਪਾਲਿਸੀ ਅਨੁਸਾਰ-100/-ਰੁਪਏ ਪ੍ਰਤੀ ਖਿਡਾਰੀ ਪ੍ਰਤੀ ਦਿਨ ਦੀ ਦਰ ਨਾਲ ਰਿਫਰੈਸ਼ਮੈਂਟ ਮੁਹੱਈਆ ਕਰਵਾਈ ਜਾਵੇਗੀ।

ਇਹ ਖਰਚਾ ਮੁੱਖ ਦਫਤਰ ਵਿੱਚ ਮੌਜੂਦ ਸਪੋਰਟਸ ਫੰਡ ਵਿੱਚੋਂ ਕੀਤਾ ਜਾਵੇਗਾ।

1. ਜਿਨ੍ਹਾਂ ਸਕੂਲਾਂ ਵਿੱਚ ਸਵੇਰ ਅਤੇ ਸ਼ਾਮ ਖੇਡਾਂ ਦੀ ਪ੍ਰੈਕਟਿਸ ਕਰਵਾਈ ਜਾਂਦੀ ਹੈ ਉਨ੍ਹਾਂ ਸਕੂਲਾ ਦੀ ਸੂਚਨਾ ਪ੍ਰਾਪਤ ਹੋਣ ਤੇ ਨਿਰੀਖਣ ਕਰਨ ਉਪਰੰਤ ਮੈਰਿਟ ਦੇ ਅਧਾਰ ਤੇ ਖੇਡ ਦਾ ਮੈਦਾਨ,ਵਿਦਿਆਰਥੀਆਂ ਦੀ ਗਿਣਤੀ( ਪ੍ਰਾਇਮਰੀ/ਮਿਡਲ ਸਕੂਲ ਵਿੱਚ ਘੱਟੋ ਘੱਟ 75),(ਹਾਈ ਸਕੂਲ ਵਿੱਚ ਘੱਟੋ ਘੱਟ-150, ਸੀਨੀਅਰ ਸੈਕੰਡਰੀ ਸਕੂਲ ਵਿੱਚ ਘੱਟੋ ਘੱਟ-350), ਸਬੰਧਤ ਸਕੂਲ ਦੇ ਲੈਕਚਰਾਰ/ਸਰੀਰਕ ਸਿੱਖਿਆ ਅਧਿਆਪਕ ਨੂੰ ਧਿਆਨ ਵਿੱਚ ਰੱਖਦੇ ਹੋਏ ਡੇ-ਸਕਾਲਰ ਵਿੰਗ ਅਲਾਟ ਕੀਤੇ ਜਾਣਗੇ। ਪਿਛਲੇ ਸਾਲ ਦੀ ਤਰ੍ਹਾਂ ਹਰ ਜਿਲ੍ਹੇ ਨੂੰ ਮੈਰਿਟ ਦੇ ਅਧਾਰ ਤੇ ਵੱਧ ਤੋਂ ਵੱਧ 30 ਸੀਟਾਂ ਅਲਾਟ ਕੀਤੀਆਂ ਜਾਣਗੀਆਂ।

2. ਸਪੋਰਟਸ ਪਾਲਿਸੀ ਅਨੁਸਾਰ ਡੇ-ਸਕਾਲਰ ਵਿੰਗ ਕੇਵਲ ਸਰਕਾਰੀ ਸਕੂਲਾਂ ਨੂੰ ਹੀ ਦਿੱਤੇ ਜਾਣਗੇ। ਵਿੰਗ ਦੇ ਖਿਡਾਰੀਆਂ ਨੂੰ ਸਿਖਲਾਈ ਦੇਣ ਲਈ ਲੈਕਚਰਾਰ/ਸਰੀਰਕ ਸਿੱਖਿਆ ਅਧਿਆਪਕ ਸਬੰਧਤ ਖੇਡ ਅਤੇ ਸਬੰਧਤ ਸਕੂਲ ਦਾ ਹੀ ਹੋਣਾ ਲਾਜ਼ਮੀ ਹੋਵੇਗਾ।

3. ਡੇ-ਸਕਾਲਰ ਵਿੰਗ ਦੇ ਖਿਡਾਰੀ ਸਬੰਧਤ ਸਕੂਲ ਦੇ ਹੀ ਹੋਣਗੇ।

4. ਡੇ-ਸਕਾਲਰ ਵਿੰਗ ਦੇ ਖਿਡਾਰੀਆਂ ਦੀ ਹਾਜਰੀ ਬਾਇਓਮੈਟ੍ਰਕ ਲੱਗੇਗੀ।

5. ਡੇ-ਸਕਾਲਰ ਵਿੰਗ ਦੇ ਖਿਡਾਰੀਆਂ ਦੇ ਰਿਫਰੈਸ਼ਮੈਂਟ ਦਾ ਬਿਲ ਵਿੰਗ ਇੰਚਾਰਜ਼ ਅਤੇ ਸਕੂਲ ਮੁਖੀ ਵਲੋਂ ਪ੍ਰਤੀ-ਹਸਤਾਖਰ ਕਰਕੇ ਹਰੇਕ ਮਹੀਨੇ ਦੇ ਪਹਿਲੇ ਹਫਤੇ ਮੁੱਖ ਦਫਤਰ ਵਿਖੇ ਭੇਜਣਾ ਲਾਜ਼ਮੀ ਹੋਵੇਗਾ।

ਆਪ ਦੇ ਜਿਲ੍ਹੇ ਦਾ ਜੇਕਰ ਕੋਈ ਸਰਕਾਰੀ ਸਕੂਲ ਡੇ-ਸਕਾਲਰ ਵਿੰਗ ਲੈਣ ਦਾ ਚਾਹਵਾਨ ਹੈ ਅਤੇ ਜਿਸ ਸਕੂਲ ਕੋਲ ਉਪਰੋਕਤ ਦਰਸਾਈਆਂ ਸਹੂਲਤਾ ਹਨ, ਤਾਂ ਉਹ ਸਕੂਲ ਆਪਣੀ ਮੰਗ ਜਿਲ੍ਹਾ ਸਿੱਖਿਆ ਅਫਸਰ(ਸੈਸਿ)ਰਾਹੀਂ ਡੀ.ਐਸ.ਸੀ/ਡੀ.ਐਮ. ਦੀ ਟਿੱਪਣੀ ਸਮੇਤ ਮੁੱਖ ਦਫਤਰ ਦੀ ਈਮੇਲ ਆਈ.ਡੀ dydirectorphyedupb@punjabeducation.gov.in ਤੇ ਮਿਤੀ 25-04-2026 ਤੱਕ ਭੇਜ ਸਕਦਾ ਹੈ।

ਨੋਟ : ਚਾਹਵਾਨ ਸਕੂਲ ਨਾਲ ਨੱਥੀ ਪ੍ਰੋਫਾਰਮੇ ਅਨੁਸਾਰ ਸੂਚਨਾ ਭੇਜਣਗੇ।

ਡਿਪਟੀ ਡਾਇਰੈਕਟਰ (ਫਿਜੀਕਲ ਐਜੂਕੇਸ਼ਨ)

ਪਿੱਠ ਅੰਕਣ ਨੰਬਰ ਉਕਤ ਮਿਤੀ- 16-4-2026

ਉਤਾਰਾ ਸਮੂਹ ਜਿਲ੍ਹਾ ਸਪੋਰਟਸ ਕੋਆਰਡੀਨੇਟਰ/ਡੀ.ਐਮ.ਸਪੋਰਟਸ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਮੰਗੀ ਗਈ ਸੂਚਨਾ ਮਿਤੀ 25-04-2024 ਤੱਕ ਭੇਜਣੀ ਯਕੀਨੀ ਬਣਾਈ ਜਾਵੇ।

ਡਿਪਟੀ ਡਾਇਰੈਕਟਰ (ਫਿਜੀਕਲ ਐਜੂਕੇਸ਼ਨ)

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਬਠਿੰਡਾ**

ਮਿਤੀ :- 17-04-2026

ਪੱਤਰ ਨੰਬਰ:- ਜਿਲ੍ਹਾ ਸਪੋਰਟਸ ਕੋਆਰਡੀਨੇਟਰ/ 851

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉੱਕਤ ਪੱਤਰ ਅਨੁਸਾਰ ਜੋ ਸਕੂਲ ਸਰਤਾਂ ਪੂਰੀਆ ਕਰਦੇ ਹਨ ਅਤੇ ਡੇ ਸਕਾਲਰ ਵਿੰਗ ਲੈਣਾ ਚਹੁੰਦੇ ਹਨ ਉਹ ਨਾਲ ਨੱਥੀ ਪ੍ਰਫਾਰਮੇ ਵਿੱਚ ਸੂਚਨਾ ਭਰਕੇ ਮਿਤੀ 23-04-2026 ਤੱਕ ਦਫਤਰ ਦੇ ਕਮਰਾ ਨੰਬਰ 448 ਵਿੱਚ ਜਿਲ੍ਹਾ ਸਪੋਰਟਸ ਕੋਆਰਡੀਨੇਟਰ ਕੋਲ ਭੇਜ ਸਕਦਾ ਹੈ ਤਾਂ ਜੋ ਸੂਚਨਾ ਸਮੇਂ ਸਿਰ ਮੁੱਖ ਦਫਤਰ ਨੂੰ ਭੇਜੀ ਜਾ ਸਕੇ।

17/4/26

ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ)
ਬਠਿੰਡਾ

17/04/26

Scanned with OKEN Scanner

| ਡੇ ਸਕਾਲਰ ਵਿੰਗ ਖੋਲ੍ਹਣ ਸਬੰਧੀ ਪ੍ਰੋਫਾਰਮਾ | | | | | | | |
|---|---|---|---|---|---|---|---|
| ਲੜੀ ਨੰ | ਸਕੂਲ ਦਾ ਨਾਮ | ਵਿਦਿਆਰਥੀਆਂ ਦੀ ਗਿਣਤੀ | ਕਿਸ ਖੇਡ ਦੇ ਵਿੰਗ ਦੀ ਡਿਮਾਂਡ ਹੈ | ਸਰੀਰਿਕ ਸਿੱਖਿਆ ਅਧਿਆਪਕ ਦਾ ਨਾਮ ਅਤੇ ਅਹੁਦਾ | ਸਰੀਰਕ ਸਿੱਖਿਆ ਅਧਿਆਪਕ ਦੀ ਆਪਣੀ ਖੇਡ ਦਾ ਨਾਮ | ਜਿਸ ਸਕੂਲ ਕੋਲ ਪਿਛਲੇ ਸਾਲ ਡੇ ਸਕਾਲਰ ਵਿੰਗ ਚਲਦਾ ਸੀ ਉਸ ਸਕੂਲ ਦੀਆਂ ਪਿਛਲੇ ਸਾਲ ਦੀਆਂ ਪ੍ਰਾਪਤੀਆਂ | ਸਪੋਰਟਸ ਕੋਆਰਡੀਨੇਟਰ ਦੀ ਟਿਪਣੀ |
| | | | | | | | |

17/04/26

Scanned with OKEN Scanner